Surrey Schools
LEADERSHIP IN LEARNING

Tel: 604.596.7733
www.sd36.bc.ca

# Lockers - Conditions of Use

## ਸਕੂਲ ਦਾ ਸਮਾਨ ਰੱਖਣ ਵਾਲੀ ਅਲਮਾਰੀ ਬਾਰੇ ਕਾਨੂੰਨਾਂ ਦੀ ਜਾਣਕਾਰੀ

### ਵਿਦਿਆਰਥੀਆਂ ਨੂੰ ਅਲਮਾਰੀਆਂ ਇਹਨਾਂ ਸ਼ਰਤਾਂ ਓਪਰ ਦਿੱਤੀਆਂ ਜਾਂਦੀਆਂ ਹਨ:

1. ਵਿਦਿਆਰਥੀ ਇਸ ਦਿੱਤੀ ਅਲਮਾਰੀ ਦੇ ਜ਼ਿਮੇਵਾਰ ਆਪ ਹਨ ਅਤੇ ਇਸ ਅਲਮਾਰੀ ਨੂੰ ਹੋਰ ਕੋਈ ਵੀ ਨਹੀਂ ਵਰਤ ਸਕਦਾ।

2. ਸਿਰਫ ਸਕੂਲ ਵਲੋਂ ਮਨਜ਼ੂਰੀ ਵਾਲੇ ਹੀ ਜਿੰਦਰੇ ਇਹਨਾਂ ਅਲਮਾਰੀਆਂ ਨੂੰ ਲਾਏ ਜਾ ਸਕਦੇ ਹਨ ਅਤੇ ਓਹਨਾਂ ਜਿੰਦਰਿਆਂ ਨੂੰ ਖੋਲ੍ਹਣ ਦਾ ਨੰਬਰ ਸਕੂਲ ਦੇ ਦਫਤਰ ਵਿੱਚ ਦਰਜ ਕਰਾਣਾ ਜ਼ਰੂਰੀ ਹੈ।

3. ਇਸ ਅਲਮਾਰੀ ਵਿੱਚ ਸਿਰਫ ਇਹ ਹੀ ਵਸਤੂਆਂ ਰੱਖੀਆਂ ਜਾ ਸਕਦੀਆਂ ਹਨ : ਕਿਤਾਬਾਂ, ਸਕੂਲ ਲਈ ਲੋੜੀਂਦੀਆਂ ਵਸਤੂਆਂ, ਬਾਹਰ ਪਾਓਣ ਵਾਲੇ ਕੱਪੜੇ ਜੋ ਖੇਲ੍ਹਣ ਵੇਲੇ ਵਰਤੋਂ ਵਿੱਚ ਆਓਂਦੇ ਹਨ ਅਤੇ ਖਾਣ ਲਈ ਦੁਪਿਹਰ ਦਾ ਖਾਣਾ।

4. ਹੋਰ ਕੁੱਝ ਵੀ ਰੱਖਣ ਲਈ ਪ੍ਰਿੰਸੀਪਲ ਜਾਂ ਵਾਈਸ ਪ੍ਰਿੰਸੀਪਲ ਦੀ ਲਿਖੀ ਹੋਈ ਆਗਿਆ ਪੱਤਰ ਜ਼ਰੂਰੀ ਹੈ।

5. ਇਸ ਅਲਮਾਰੀ ਨੂੰ ਲਗਾਤਾਰ ਸਾਫ ਰੱਖਣਾ ਜ਼ਰੂਰੀ ਹੈ ਅਤੇ ਬਚਿਆ ਖਾਣਾ ਅਲਮਾਰੀ ਵਿੱਚੋਂ ਕੱਢ ਕੇ ਬਾਹਰ ਸੁੱਟਣਾ ਜ਼ਰੂਰੀ ਹੈ।

6. ਸਾਲ ਦੇ ਅੰਤ ਵਿੱਚ ਇਸ ਅਲਮਾਰੀ ਨੂੰ ਸਾਫ ਕਰਨਾਂ ਅਤੇ ਸਾਰੀਆਂ ਵਸਤੂਆਂ ਨੂੰ ਬਾਹਰ ਕੱਢਣਾ ਵਿਦਿਆਰਥੀ ਦਾ ਫਰਜ਼ ਹੈ।

7. ਇਸ ਅਲਮਾਰੀ ਵਿੱਚ ਕੋਈ ਗੈਰ ਕਾਨੂੰਨੀ ਸਮਾਨ, ਹਥਿਆਰ ਜਾਂ ਪਾਬੰਦੀ ਵਾਲੀਆਂ ਵਸਤੂਆਂ ਜਾਂ ਹੋਰ ਅਪਮਾਨ ਭਰੀਆਂ ਵਸਤੂਆਂ ਨਹੀਂ ਰੱਖੀਆਂ ਜਾ ਸਕਦੀਆਂ।

8. ਸਕੂਲ ਦੇ ਕਰਮਚਾਰੀ ਬਿਨਾਂ ਕਿਸੇ ਨੋਟਿਸ ਦਿੱਤਿਆਂ ਇਹਨਾਂ ਅਲਮਾਰੀਆਂ ਦੀ ਤਲਾਸ਼ੀ ਕਰ ਸਕਦੇ ਹਨ ਇਹ ਜਾਨਣ ਲਈ ਕਿ ਵਿਦਿਆਰਥੀ ਕਾਨੂੰਨਾਂ ਦੀ ਪਾਲਣਾ ਕਰ ਰਿਹਾ ਹੈ। ਇਸ ਤਲਾਸ਼ੀ ਵਿੱਚ ਕੁੱਤੇ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ ਇਹ ਜਾਨਣ ਲਈ ਕਿ ਅਲਮਾਰੀ ਵਿੱਚ ਗੈਰ ਕਾਨੂੰਨੀ ਵਸਤੂਆਂ ਜਾਂ ਕੋਈ ਨਸ਼ੀਲੀਆਂ ਵਸਤੂਆਂ ਤਾਂ ਨਹੀਂ ਰੱਖੀਆਂ ਗਈਆਂ।

9. ਇਹਨਾਂ ਅਲਮਾਰੀਆਂ ਦੀ ਵਰਤੋਂ ਓਹਨਾਂ ਵਿਦਿਆਰਥੀਆਂ ਲਈ ਬੰਦ ਕੀਤੀ ਜਾ ਸਕਦੀ ਹੈ ਜੋ ਕਾਨੂੰਨਾਂ ਦੀ ਪਾਲਣਾਂ ਨਹੀ ਕਰਦੇ।

10. ਹਰ ਸਕੂਲ ਨੂੰ ਸੁਰਿੱਖਅਤ ਰੱਖਣ ਲਈ ਸਾਰੇ ਸਕੂਲ ਦੇ ਮੈਂਬਰਾਂ ਦਾ ਫਰਜ਼ ਬਣਦਾ ਹੈ। ਅਗਰ ਕੋਈ ਵਿਦਿਆਰਥੀ ਇਹ ਜਾਣਦਾ ਹੋਵੇ ਕਿ ਕਿਸੇ ਅਲਮਾਰੀ ਵਿੱਚ ਇੱਕ ਓਹ ਵਸਤੂ ਹੈ ਜਿਸ ਨਾਲ ਬਾਕੀ ਵਿਦਿਆਰਥੀਆਂ ਜਾਂ ਸਕੂਲ ਦੇ ਸਟਾਫ ਦੀ ਹਿਫਾਜਤ ਨੂੰ ਖਤਰਾ ਹੈ ਤਾਂ ਸਕੂਲ ਅਧਿਕਾਰੀਆਂ ਨੂੰ ਇਹ ਆਸ ਹੈ ਕਿ ਓਹ ਵਿਦਿਆਰਥੀ ਇਹ ਜਾਣਕਾਰੀ ਤੁਰੰਤ ਸਕੂਲ ਦੇ ਅਧਿਕਾਰੀਆਂ ਤੱਕ ਪੰਹੁਚਾਵੇ। ਇਸ ਤਰਾਂ ਦੀ ਜਾਣਕਾਰੀ ਦੇਣ ਵਾਲੇ ਵਿਦਿਆਰਥੀ ਦਾ ਨਾਂ ਗੁਪਤ ਹੀ ਰੱਖਿਆ ਜਾਵੇਗਾ।